**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

**ਵੱਲ :**

1. **ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)/(ਐ.ਸਿੱ) ਪੰਜਾਬ।**
2. **ਰਾਜ ਦੇ ਸਮੂਹ ਸੀਨੀਅਰ ਸੈਕੰਡਰੀ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)**
3. **ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਈਟ ਰਾਹੀਂ)**

**ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/**
**ਮਿਤੀ, ਚੰਡੀਗੜ੍ਹ :**

**ਵਿਸ਼ਾ : ਅਧਿਆਪਕਾਂ ਦੇ ਲੰਬੀ ਛੁੱਟੀ ਤੇ ਰਹਿਣ ਤੋਂ ਬਾਅਦ ਗਰਮੀਆਂ/ਸਰਦੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਹਾਜ਼ਰ ਹੋਣ ਅਤੇ ਪੂਰੀ ਤਨਖਾਹ ਲੈਣ ਸੰਬੰਧੀ।**

1.0 ਉਕਤ ਵਿਸ਼ੇ ਸੰਬੰਧੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬਹੁਤ ਸਾਰੇ ਅਧਿਆਪਕ ਲੰਬੀ ਛੁੱਟੀ ਤੇ ਰਹਿੰਦੇ ਹਨ ਪਰ ਗਰਮੀ/ਸਰਦੀਆਂ ਦੀ ਛੁੱਟੀਆਂ ਹੋਣ ਤੋਂ ਪਹਿਲਾਂ ਸਕੂਲਾਂ ਵਿੱਚ ਹਾਜਰ ਹੋ ਜਾਂਦੇ ਹਨ ਅਤੇ ਛੁੱਟੀਆਂ ਦੀ ਤਨਖਾਹ ਕਲੇਮ ਕਰ ਲੈਂਦੇ ਹਨ। ਇਹ ਮੌਕਾਪ੍ਰਸਤ ਪ੍ਰਵਿਰਤੀ ਹੈ ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ।

2.0 ਇਸ ਸੰਬੰਧ ਵਿੱਚ ਆਪ ਜੀ ਦਾ ਧਿਆਨ ਸਰਕਾਰ ਦੇ ਪੱਤਰ ਨੰ: 6/161/92-4ਸਿੱ 7 ਸ਼ਾਖਾ/1002-1007 ਮਿਤੀ 18-03-1994 (ਕਾਪੀ ਨੱਥੀ) ਰਾਹੀਂ ਜਾਰੀ ਕੀਤੀਆਂ ਹਦਾਇਤਾਂ ਵੱਲ ਦੁਆਇਆ ਜਾਂਦਾ ਹੈ ਜਿਨ੍ਹਾਂ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਅਜਿਹੇ ਅਧਿਆਪਕਾਂ ਨੂੰ ਛੁੱਟੀਆਂ ਦੀ ਤਨਖਾਹ ਉਹਨਾਂ ਨੂੰ ਵਿੱਦਿਅਕ ਸਾਲ ਦੌਰਾਨ ਆਪਣੀ ਡਿਊਟੀ ਦੇ ਹਾਜ਼ਰੀ ਦੇ ਅਨੁਪਾਤ ਨਾਲ ਦਿੱਤੀ ਜਾਵੇ। ਜੋ ਅਧਿਆਪਕ ਸਾਰਾ ਸਾਲ ਛੁੱਟੀ ਤੇ ਰਹਿੰਦੇ ਹਨ, ਨੂੰ ਛੁੱਟੀਆਂ ਦੇ ਅਰਸੇ ਦੀ ਤਨਖਾਹ ਦਾ ਲਾਭ ਨਾ ਦਿੱਤਾ ਜਾਵੇ।

3.0 ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।ਅਜਿਹਾ ਨਾ ਕਰਨ ਦੀ ਹਾਲਤ ਵਿੱਚ ਸਬੰਧਤ ਅਧਿਕਾਰੀ ਜ਼ਿੰਮੇਵਾਰ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਉਤਾਰਾ ਪੱਤਰ ਨੰ: 6/161/92-4ਸਿ7/1002-1007 ਮਿਤੀ 18.3.94 ਵੱਲ ਸਕੱਤਰ, ਪੰਜਾਬ, ਸਰਕਾਰ ਸਿੱਖਿਆ ਵਿਭਾਗ ਰਾਹੀ ਡਾਇਰੈਕਟਰ ਸਿੱਖਿਆ ਵਿਭਾਗ (ਪ੍ਰਾ) ਪੰਜਾਬ, ਚੰਡੀਗੜ੍ਹ-ਪਿੱਠ ਐਕਣ ਨੰ. ਸਟੈਨੋ/ਡਿ.ਡਾ.(ਪ)94-7 ਸ਼ਪੈਸ਼ਲ ਮਿਤੀ ਚੰਡੀਗੜ੍ਹ :22.3.94

ਇਹ ਦੇਖਣ ਵਿੱਚ ਆਇਆ ਹੈ ਕਿ ਕਈ ਅਧਿਆਪਕ ਛੁੱਟੀਆਂ ਸ਼ੁਰੂ ਹੋਣ ਤੋਂ ਕੁੱਝ ਦਿਨ ਪਹਿਲਾਂ ਸਕੂਲਾਂ ਵਿੱਚ ਹਾਜ਼ਰ ਹੋ ਜਾਂਦੇ ਹਨ ਅਤੇ ਛੁੱਟੀਆਂ ਦੇ ਸਮੇਂ ਦੀ ਤਨਖਾਹ ਕਲੇਮ ਕਰ ਲੈਂਦੇ ਹਨ ਅਤੇ ਇੱਕ ਸਮੁੱਚੇ ਵਿਦਿਅਕ ਸਾਲ ਲਈ ਬਿਨਾਂ ਤਨਖਾਹ ਛੁੱਟੀ ਤੇ ਚਲੇ ਜਾਂਦੇ ਹਨ। ਅਧਿਆਪਕਾਂ ਦੀ ਅਜਿਹੀ ਪ੍ਰਵਿਰਤੀ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਤੇ ਮਾੜਾ ਅਸਰ ਪੈਂਦਾ ਹੈ। ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਜਿਲਦ-1 ਭਾਗ-1 ਦੇ ਨਿਯਮ 8.59 ਅਨੁਸਾਰ ਛੁੱਟੀਆਂ (ਵੋਕੇਸ਼ਨ) ਨੂੰ ਡਿਊਟੀ ਗਿਣਿਆ ਗਿਆ ਹੈ ਅਤੇ ਪੰਜਾਬ ਸੇਵਾਵਾ ਨਿਯਮਾਵਲੀ ਜਿਲਦ-1, ਭਾਗ-1 ਦੇ ਨਿਯਮ B.1 ਅਨੁਸਾਰ ਛੁੱਟੀ ਕੇਵਲ ਡਿਊਟੀ ਰਾਹੀ ਹੀ ਨਮਾਈ ਜਾਂਦੀ ਹੈ।

ਉਪਰੋਕਤ ਦੇ ਸਨਮੁੱਖ ਸਰਕਾਰ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਅਧਿਆਪਕਾਂ ਨੂੰ ਛੁੱਟੀਆਂ(ਵੋਕੇਸ਼ਨ) ਦੀ ਤਨਖਾਹ ਉਨ੍ਹਾਂ ਦੀ ਵਿਦਿਅਕ ਸਾਲ ਦੌਰਾਨ ਆਪਣੀ ਡਿਊਟੀ ਤੇ ਹਾਜ਼ਰੀ ਦੇ ਅਨੁਪਾਤ ਨਾਲ ਦਿੱਤੀ ਜਾਵੇ ਅਜਿਹੇ ਅਧਿਆਪਕ ਜੋ ਸਾਰਾ ਸਾਲ ਛੁੱਟੀ ਤੇ ਰਹਿੰਦੇ ਹਨ ਅਤੇ ਆਪਣੀ ਡਿਊਟੀ ਨਹੀਂ ਨਿਭਾਉਂਦੇ, ਨੂੰ ਛੁੱਟੀਆਂ ਦੇ ਅਰਸੇ ਦੀ ਤਨਖਾਹ ਦਾ ਲਾਭ ਨਾ ਦਿੱਤਾ ਜਾਵੇ।

ਇਹ ਹੁਕਮ ਹਰ ਪ੍ਰਕਾਰ ਦੀਆਂ ਛੁੱਟੀਆਂ ਯਾਨਿ ਗਰਮੀਆਂ/ਪਤਝੜ/ਸਰਦੀਆਂ ਦੀਆਂ ਛੁੱਟੀਆਂ ਤੇ ਲਾਗੂ ਹੋਵੇ।

<u>ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਪ੍ਰਾ) ਫਤਹਿਗੜ੍ਹ ਸਾਹਿਬ</u>

ਪਿੰਨ ਅੰਕਣ ਨੰ: ਅ-1(23)28495/1170-81 ਮਿਤੀ 3-5-94

ਉਤਾਰਾ ਹੇਠ ਲਿਖਿਆ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਹੁਕਮਾਂ ਦੀ ਇੰਨ-ਤਿੰਨ ਪਾਲਣਾ ਕੀਤੀ ਜਾਵੇ।

1. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ।
2. ਅ-2,ਅ-3,ਲ-1, ਫਡੰਸ ਅਤੇ ਜੀ-1 ਦ:ਜ਼ਿ:ਸਿ:ਅ: (ਪ੍ਰਾ)ਫਤਿਹਗੜ੍ਹ ਸਾਹਿਬ।

ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾ)
ਫਤਿਹਗੜ੍ਹ ਸਾਹਿਬ।